THE DEBT RESOLUTION FORUM
Promoting Professional Standards

ਡੈੱਟ ਰੈਜ਼ੋਲੂਸ਼ਨ ਫੋਰਮ

ਪੇਸ਼ਾਵਰ ਮਿਆਰਾਂ ਨੂੰ ਉਤਸ਼ਾਹਿਤ ਕਰਨਾ

ਤੁਹਾਨੂੰ ਇਹ ਕਿਤਾਬਚਾ ਇਸ ਲਈ ਮਿਲ ਰਿਹਾ ਹੈ ਕਿਉਂਕਿ ਤੁਸੀਂ ਇੱਕ ਅਜਿਹੇ ਸੰਗਠਨ, ਜੋ ਕਿ ਕਰਜ਼ ਸਮਾਧਾਨ ਫੋਰਮ (ਡੈੱਟ ਰੈਜ਼ੋਲੂਸ਼ਨ ਫੋਰਮ ਜਾਂ DRF) ਦਾ ਮੈਂਬਰ ਹੈ, ਦੇ ਨਾਲ ਇੱਕ ਨਿੱਜੀ ਕਰਜ਼ ਸਮਾਧਾਨ ਵਿੱਚ ਸ਼ਾਮਲ ਹੋਣ ਬਾਰੇ ਵਿਚਾਰ ਕਰ ਰਹੇ ਹੋ।

ਡੈੱਟ ਰੈਜ਼ੋਲੂਸ਼ਨ ਫੋਰਮ ਉਹਨਾਂ ਕੰਪਨੀਆਂ, ਵਿਅਕਤੀਆਂ ਅਤੇ ਸਾਂਝੇਦਾਰੀਆਂ ਲਈ ਇੱਕ ਮੈਂਬਰਸ਼ਿਪ ਸੰਗਠਨ ਹੈ ਜੋ ਵਿਅਕਤੀਆਂ ਨੂੰ ਨਿੱਜੀ ਕਰਜ਼ ਸਮਾਧਾਨ ਮੁਹੱਈਆ ਕਰਦੇ ਹਨ ਅਤੇ ਉਹਨਾਂ ਦੁਆਰਾ ਮੁਹੱਈਆ ਕੀਤੀ ਜਾਂਦੀ ਸੇਵਾ ਲਈ ਮੁੱਲ ਲੈਂਦੇ ਹਨ।

ਸਾਡੇ ਮੈਂਬਰ ਸਮਾਧਾਨ ਪੇਸ਼ ਕਰਦੇ ਹਨ ਜਿਵੇਂ ਕਿ ਕਰਜ਼ ਪ੍ਰਬੰਧਨ ਯੋਜਨਾਵਾਂ, ਵਿਅਕਤੀਗਤ ਸਵੈ-ਸੇਵੀ ਪ੍ਰਬੰਧਨ, ਕਰਜ਼ ਰਾਹਤ ਆਰਡਰ ਅਤੇ ਦਿਵਾਲੀਆਪਨ ਬਾਰੇ ਸਲਾਹ ਅਤੇ ਸਮਰਥਨ। DRF ਦੇ ਮੈਂਬਰ ਪੂਰੇ ਯੁਨਾਈਟਿਡ ਕਿੰਗਡਮ ਵਿੱਚ ਕੰਮ ਕਰਦੇ ਹਨ ਅਤੇ ਸਾਡੇ ਸਕੌਟਿਸ਼ ਮੈਂਬਰ (ਅਤੇ ਨਾਲ ਹੀ ਸਾਡੇ ਕਈ ਇੰਗਲਿਸ਼ ਅਤੇ ਵੈਲਸ਼ ਮੈਂਬਰ) ਅਜਿਹੇ ਸਮਾਧਾਨਾਂ ਬਾਰੇ ਸਲਾਹ ਦਿੰਦੇ ਹਨ ਜੋ ਸਿਰਫ ਸਕੌਟਿਸ਼ ਨਿਵਾਸੀਆਂ ਲਈ ਉਪਲਬਧ ਹਨ, ਜਿਵੇਂ ਕਿ ਸੁਰੱਖਿਅਤ ਟ੍ਰਸਟ ਇਕਰਾਰਨਾਮੇ ਅਤੇ ਕਰਜ਼ ਪ੍ਰਬੰਧਨ ਸਕੀਮਾਂ।

DRF ਦੇ ਮੈਂਬਰ ਉੱਚ ਪੱਧਰ ਦੀ ਸਲਾਹ ਅਤੇ ਵਿਹਾਰ ਦੇ ਪ੍ਰਤੀ ਵਚਨਬੱਧ ਹਨ, ਯਕੀਨੀ ਬਣਾਉਂਦੇ ਹਨ ਕਿ ਉਹਨਾਂ ਦੇ ਸਟਾਫ਼ ਕੋਲ ਢੁਕਵਾਂ ਤਜ਼ਰਬਾ ਹੋਵੇ ਅਤੇ ਸਿਖਲਾਈ ਹੋਵੇ ਅਤੇ ਉਹ ਉਪਭੋਗਤਾਵਾਂ ਨੂੰ ਅਜਿਹੀ ਰਾਜ਼ੀਨਾਮਾ ਅਤੇ ਸ਼ਿਕਾਇਤ ਸੇਵਾ ਮੁਹੱਈਆ ਕਰਨ ਜੋ ਮਦਦ ਕਰ ਸਕੇ।

DRF ਦੇ ਮੈਂਬਰਾਂ ਦੀ ਹਰ ਸਾਲ, ਉਹਨਾਂ ਦੇ ਕੰਮ ਕਰਨ ਦੇ ਸਥਾਨ ਤੇ ਨਿਗਰਾਨੀ ਕੀਤੀ ਜਾਂਦੀ ਹੈ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਾਡੇ ਮਿਆਰ ਪੂਰੇ ਕਰਦੇ ਹਨ। ਇਹ ਨਿਗਰਾਨੀ, ਸਰਕਾਰ ਦੇ ਭਰੋਸੇ ਵਾਲੇ ਨਿਯੰਤ੍ਰਕ, ਇਨਸੋਲਵੈਂਸੀ ਪ੍ਰੈਕਟੀਸ਼ਨਰਜ਼ ਐਸੋਸਿਏਸ਼ਨ (Insolvency Practitioners Association) ਦੇ ਦੁਆਰਾ ਕੀਤੀ ਜਾਂਦੀ ਹੈ ਜੋ ਕਿ DRF ਤੋਂ ਸੁਤੰਤਰ ਹੈ।

ਅਸੀਂ ਤੁਹਾਡੀ ਕਿਵੇਂ ਮਦਦ ਕਰ ਸਕਦੇ ਹਾਂ

ਜੇ ਤੁਸੀਂ ਕਿਸੇ ਵੈਬਸਾਈਟ ਜਾਂ ਵਿਗਿਆਪਨ ਤੇ ਜਾਂ ਕਰਜ਼ ਸਮਾਧਾਨ ਕੰਪਨੀ ਤੋਂ ਮਿਲਣ ਵਾਲੇ ਪੱਤਰ-ਵਿਹਾਰ ਵਿੱਚ ਸਾਡਾ ਲੋਗੋ ਦੇਖਦੇ ਹੋ ਤਾਂ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਕੰਪਨੀ ਦੀ ਪਿਛਲੇ 12 ਮਹੀਨਿਆਂ ਵਿੱਚ DRF ਦੇ ਮਿਆਰਾਂ ਦੀ ਪਾਲਣਾ ਲਈ ਜਾਂਚ ਕੀਤੀ ਗਈ ਹੈ ਅਤੇ ਇਸ ਨੇ ਉਹਨਾਂ ਮਿਆਰਾਂ ਨੂੰ ਪੂਰਾ ਕੀਤਾ ਹੈ ਜਾਂ ਉਹਨਾਂ ਨੂੰ ਪਾਰ ਕੀਤਾ ਹੈ।

ਜੇ ਤੁਹਾਨੂੰ ਕਿਸੇ ਮੈਂਬਰ ਦੇ ਵਿਹਾਰ ਬਾਰੇ ਸ਼ਿਕਾਇਤ ਕਰਨ ਦੀ ਲੋੜ ਹੋਵੇ ਤਾਂ ਤੁਸੀਂ ਤੁਹਾਡੇ ਮਾਮਲੇ ਦੀ ਜਾਂਚ ਕਰਵਾਉਣ ਅਤੇ ਤੁਹਾਡੀ ਸਮੱਸਿਆ ਲਈ ਸਮਾਧਾਨ ਮੁਹੱਈਆ ਕਰਨ ਦੀ ਕੋਸ਼ਿਸ਼ ਕਰਨ ਵਾਸਤੇ ਸਾਡੀ ਰਾਜ਼ੀਨਾਮਾ ਪ੍ਰਕਿਰਿਆ ਜਾਂ (ਜੇ ਢੁਕਵਾਂ ਸਮਝਿਆ ਜਾਵੇ) ਸਾਡੀ ਸ਼ਿਕਾਇਤ ਕਮੇਟੀ ਨੂੰ ਵਰਤ ਸਕਦੇ ਹੋ। ਅਸੀਂ ਸਿਰਫ ਇਹ ਹੀ ਉਮੀਦ ਨਹੀਂ ਕਰਦੇ ਹਾਂ ਕਿ ਇਸ ਨਾਲ ਤੁਹਾਨੂੰ ਮਦਦ ਮਿਲੇਗੀ, ਬਲਕਿ ਇਸ ਨਾਲ ਸਾਡੇ ਉਦਯੋਗ ਵਿੱਚ ਮਿਆਰਾਂ ਨੂੰ ਹੋਰ ਉੱਚਾ ਚੁੱਕਣ ਵਿੱਚ ਵੀ ਮਦਦ ਮਿਲਦੀ ਹੈ।

ਸਾਡੀ ਸ਼ਿਕਾਇਤ ਕਮੇਟੀ ਵਿੱਚ ਜ਼ਿਆਦਾਤਰ ਮੈਂਬਰ DRF ਦੀ ਮੈਂਬਰਸ਼ਿਪ ਤੋਂ ਸੁਤੰਤਰ ਹਨ।

ਸਾਡੀ ਸ਼ਿਕਾਇਤ ਪ੍ਰਕਿਰਿਆ ਦੀ ਵਰਤੋਂ ਕਰਨ ਤੇ, ਜੇ ਤੁਸੀਂ ਨਤੀਜੇ ਤੋਂ ਸੰਤੁਸ਼ਟ ਨਹੀਂ ਹੋ ਤਾਂ ਇਹ ਤੁਹਾਨੂੰ ਕਦੇ ਵੀ ਸ਼ਿਕਾਇਤ ਕਰਨ ਦੇ ਦੂਜੇ ਤਰੀਕਿਆਂ ਨੂੰ ਵਰਤਣ ਤੋਂ ਨਹੀਂ ਰੋਕੇਗੀ – ਤੁਸੀਂ ਹਮੇਸ਼ਾਂ ਡੈੱਟ ਮੈਨੇਜਮੈਂਟ ਪਲਾਨਸ (ਕਰਜ਼ ਪ੍ਰਬੰਧਨ ਯੋਜਨਾਵਾਂ) ਲਈ ਫਾਇਨਾਂਸ਼ਿਅਲ ਓਮਬਡਜ਼ਮੈਨ ਸਰਵਿਸ ਨੂੰ, ਜਾਂ IVAs (ਵਿਅਕਤੀਗਤ ਵਾਲੰਟਰੀ ਪ੍ਰਬੰਧ) ਲਈ ਤੁਹਾਡੇ IP (ਇਨਸੋਲਵੈਂਸੀ ਪ੍ਰੈਕਟੀਸ਼ਨਰ) ਦੇ ਨਿਯੰਤ੍ਰਕ ਨੂੰ ਸ਼ਿਕਾਇਤ ਕਰਨ ਦਾ ਆਪਣਾ ਹੱਕ ਵਰਤ ਸਕਦੇ ਹੋ। ਸਾਡੇ ਮੈਂਬਰ ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਪਾਬੰਦ ਹਨ।

ਜੇ ਤੁਸੀਂ ਕਿਸੇ IVA ਵਿੱਚ ਹੋ ਅਤੇ ਇਨਸੋਲਵੈਂਸੀ ਪ੍ਰੈਕਟੀਸ਼ਨਰ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਸ਼ਿਕਾਇਤ ਇਸ ਪਤੇ: IP Complaints, Insolvency Service, 3rd Floor, 1 City Walk, Leeds, LS11 9DA ਤੇ ਭੇਜਣ, ਜਾਂ ip.complaints@insolvency.gsi.gov.uk ਤੇ ਈਮੇਲ ਕਰਨ ਜਾਂ 0845 602 9848 ਤੇ ਕਾਲ ਕਰਨ ਦੀ ਚੋਣ ਕਰ ਸਕਦੇ ਹੋ। ਇਸ ਵੈਬਸਾਈਟ ਤੇ ਹੋਰ ਜਾਣਕਾਰੀ ਲਵੋ: http://www.bis.gov.uk/insolvency

ਸਾਡੇ ਮੈਂਬਰ ਕੌਣ ਹਨ?

ਸਾਡੇ ਮੈਂਬਰ ਉਹ ਕੰਪਨੀਆਂ, ਵਿਅਕਤੀ ਅਤੇ ਸਾਂਝੇਦਾਰੀਆਂ ਹਨ ਜੋ ਨਿੱਜੀ ਕਰਜ਼ ਸਮਾਧਾਨਾਂ ਲਈ ਮੁੱਲ ਲੈਂਦੇ ਹਨ, ਜਿਨ੍ਹਾਂ ਕੋਲ ਆਫਿਸ ਆਫ ਫੇਅਰ ਟ੍ਰੇਡਿੰਗ (OFT) ਤੋਂ ਢੁਕਵਾਂ ਉਪਭੋਗਤਾ ਕ੍ਰੈਡਿਟ ਲਾਇਸੈਂਸ ਹੈ ਅਤੇ ਜਿਨ੍ਹਾਂ ਨੇ ਸੁਤੰਤਰ ਜਾਂਚ ਲਈ ਅੱਗੇ ਆ ਕੇ ਦਿਖਾਇਆ ਹੈ ਕਿ ਉਹ ਸਾਡੀ ਨਿਯਮਾਵਲੀ ਵਿੱਚ ਦਿੱਤੇ ਮਿਆਰਾਂ ਦੀ ਪਾਲਣਾ ਕਰਦੇ ਹਨ।

ਸਾਡੇ ਮੈਂਬਰਾਂ ਦੀ ਪੂਰੀ ਅਤੇ ਨਵੀਨਤਮ ਸੂਚੀ ਸਾਡੀ ਇਸ ਵੈਬਸਾਈਟ ਤੇ ਮਿਲ ਸਕਦੀ ਹੈ:

www.debtresolutionforum.org.uk/members.php

ਸਾਡੀ ਨਿਯਮਾਵਲੀ

DRF ਦੀ ਨਿਯਮਾਵਲੀ ਮੰਗ ਕਰਦੀ ਹੈ ਕਿ ਮੈਂਬਰ ਉਹਨਾਂ ਮਿਆਰਾਂ ਨੂੰ ਪੂਰਾ ਕਰਨ ਜਾਂ ਉਹਨਾਂ ਨੂੰ ਪਾਰ ਕਰਨ ਜੋ ਕਾਨੂੰਨ ਜਾਂ ਵਿਨਿਯਮ ਉਹਨਾਂ ਤੋਂ ਮੰਗ ਕਰਦਾ ਹੈ – ਅਤੇ ਫੇਰ ਉਹਨਾਂ ਮਿਆਰਾਂ ਤੋਂ ਉੱਪਰ ਅਤੇ ਅੱਗੇ ਜਾਣ। ਪੂਰੇ ਕੀਤੇ ਜਾਣ ਵਾਲੇ ਮਿਆਰਾਂ ਵਿੱਚ OFT (ਆਫਿਸ ਆਫ ਫੇਅਰ ਟ੍ਰੇਡਿੰਗ) ਦਾ ਕਰਜ਼ ਪ੍ਰਬੰਧਨ ਮਾਰਗਦਰਸ਼ਨ ਸ਼ਾਮਲ ਹੈ।

ਸਾਡੀ ਨਿਯਮਾਵਲੀ ਇੱਥੇ ਦਿੱਤੀ ਗਈ ਹੈ:

www.debtresolutionforum.org.uk/resources/drf-standards.pdf

ਉਹਨਾਂ ਖੇਤਰ ਜਿਨ੍ਹਾਂ ਵਿੱਚ ਅਸੀਂ ਆਪਣੇ ਮੈਂਬਰਾਂ ਤੇ ਮਿਆਰ ਥੋਪਦੇ ਹਾਂ, ਵਿੱਚ ਸ਼ਾਮਲ ਹਨ:

- ਫੀਸਾਂ ਅਤੇ ਮੁੱਲ
- ਤੁਹਾਡੇ ਪੈਸੇ ਨੂੰ ਸਹੀ ਤਰੀਕੇ ਨਾਲ ਸੰਭਾਲਣਾ
- ਮੈਂਬਰ ਦੇ ਉਤਪਾਦਾਂ ਅਤੇ ਸੇਵਾਵਾਂ ਦਾ ਵਿਗਿਆਪਨ ਅਤੇ ਪ੍ਰਚਾਰ
- ਸਟਾਫ਼ ਨੂੰ ਕਾਬਲ ਪੱਧਰ ਤਕ ਸਿਖਲਾਈ ਦੇਣੀ ਅਤੇ ਉਸ ਪੱਧਰ ਨੂੰ ਬਣਾ ਕੇ ਰੱਖਣਾ

www.debtresolutionforum.org.uk

ਜੇ ਤੁਹਾਨੂੰ ਸ਼ਿਕਾਇਤ ਕਰਨ ਦੀ ਲੋੜ ਹੋਵੇ

ਜੇ ਤੁਹਾਨੂੰ DRF ਦੇ ਮੈਂਬਰ ਬਾਰੇ ਸ਼ਿਕਾਇਤ ਕਰਨ ਦੀ ਲੋੜ ਹੋਵੇ ਤਾਂ ਤੁਹਾਨੂੰ ਹਮੇਸ਼ਾਂ ਪਹਿਲਾਂ ਮੈਂਬਰ ਦੇ ਕੋਲ ਸ਼ਿਕਾਇਤ ਕਰਨੀ ਚਾਹੀਦੀ ਹੈ ਅਤੇ ਉਹਨਾਂ ਦੀ ਸ਼ਿਕਾਇਤ ਪ੍ਰਕਿਰਿਆ (ਜੋ ਫਾਇਨਾਂਸ਼ਿਅਲ ਓਮਬਡਜ਼ਮੈਨ ਸਰਵਿਸ ਦੁਆਰਾ ਨਿਯਤ ਮਿਆਰਾਂ ਨੂੰ ਪੂਰਾ ਕਰਦੀ ਹੋਣੀ ਚਾਹੀਦੀ ਹੈ) ਪੂਰੀ ਕਰਨੀ ਚਾਹੀਦੀ ਹੈ।

ਜੇ ਮੈਂਬਰ ਦੀ ਸ਼ਿਕਾਇਤ ਪ੍ਰਕਿਰਿਆ ਨਾਲ ਮੁੱਦੇ ਹੱਲ ਨਹੀਂ ਹੁੰਦੇ ਹਨ, ਤਾਂ ਤੁਸੀਂ DRF ਦੀ ਰਾਜ਼ੀਨਾਮਾ ਅਤੇ ਸ਼ਿਕਾਇਤ ਸਕੀਮ ਵਰਤ ਸਕਦੇ ਹੋ। ਜੇ ਤੁਸੀਂ ਡੈੱਟ ਮੈਨੇਜਮੈਂਟ ਪਲਾਨਸ, ਜਾਂ IVAs (ਵਿਅਕਤੀਗਤ ਵਾਲੰਟਰੀ ਪ੍ਰਬੰਧਾਂ) ਲਈ ਆਪਣੇ IP (ਇਨਸੋਲਵੈਂਸੀ ਪ੍ਰੈਕਟੀਸ਼ਨਰ) ਦੇ ਨਿਯੰਤ੍ਰਕ ਤੋਂ ਸੰਤੁਸ਼ਟ ਨਹੀਂ ਹੁੰਦੇ ਹੋ, ਤਾਂ ਵੀ ਤੁਸੀਂ ਫਾਇਨਾਂਸ਼ਿਅਲ ਓਮਬਡਜ਼ਮੈਨ ਸਕੀਮ ਨੂੰ ਵਰਤ ਸਕੋਗੇ।

ਕੋਈ ਸ਼ਿਕਾਇਤ ਕਰਨੀ

ਅਸੀਂ ਸਾਡੇ ਮੈਂਬਰਾਂ ਦੇ ਬਾਰੇ ਮਿਲਣ ਵਾਲੀਆਂ ਸਾਰੀਆਂ ਸ਼ਿਕਾਇਤਾਂ ਨੂੰ ਦਰਜ ਕਰਦੇ ਹਾਂ ਅਤੇ ਉਹਨਾਂ ਦੀ ਨਿਗਰਾਨੀ ਕਰਦੇ ਹਾਂ।

DRF ਮੈਂਬਰਾਂ ਦੇ ਗਾਹਕ, ਉਹਨਾਂ ਦੇ ਪ੍ਰਤਿਨਿਧ, ਕਰਜ਼ ਦੇਣ ਵਾਲੇ ਅਤੇ DRF ਦੇ ਮੈਂਬਰ ਕਿਸੇ DRF ਮੈਂਬਰ ਬਾਰੇ ਸ਼ਿਕਾਇਤ ਕਰ ਸਕਦੇ ਹਨ।

ਜੇ ਪਤਾ ਨਾ ਹੋਵੇ, ਤਾਂ DRF ਦੀ ਵੈਬਸਾਈਟ ਤੇ ਮੈਂਬਰਾਂ ਦੀ ਸੂਚੀ ਦੇਖ ਕੇ ਜਾਂ 0161 905 8372 ਤੇ DRF ਦੇ ਆਫ਼ਿਸ ਤੋਂ ਪੁੱਛ ਕੇ ਮੈਂਬਰ ਕੰਪਨੀ ਵਿਖੇ DRF ਸਬੰਧੀ ਸੰਪਰਕ ਵਿਅਕਤੀ ਬਾਰੇ ਪਤਾ ਕੀਤਾ ਜਾ ਸਕਦਾ ਹੈ। ਮੈਂਬਰਾਂ ਦੀਆਂ ਵੈਬਸਾਈਟਾਂ ਅਤੇ ਛਪੀ ਹੋਈ ਸਮੱਗਰੀ ਵਿੱਚ, DRF ਦੀ ਸ਼ਿਕਾਇਤ ਪ੍ਰਕਿਰਿਆ ਨੂੰ ਵਰਤਣ ਦੇ ਇੱਛੁਕ ਗਾਹਕਾਂ ਅਤੇ ਦੂਜੇ ਲੋਕਾਂ ਲਈ DRF ਸਬੰਧੀ ਸੰਪਰਕ ਵਿਅਕਤੀ ਦੀ ਜਾਣਕਾਰੀ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ।

ਜੇ ਤੁਸੀਂ ਸ਼ਿਕਾਇਤ ਨੂੰ ਸਿੱਧਾ ਮੈਂਬਰ ਦੇ ਕੋਲ ਹੱਲ ਨਹੀਂ ਕਰ ਸਕਦੇ ਹੋ, ਤਾਂ DRF ਦੀ ਵੈਬਸਾਈਟ ਤੋਂ:

www.debtresolutionforum.org.uk

ਜਾਂ complaints@debtresolutionforum.org.uk ਤੇ ਈਮੇਲ ਕਰਨ ਦੇ ਦੁਆਰਾ ਸ਼ਿਕਾਇਤ ਫਾਰਮ ਪ੍ਰਾਪਤ ਕੀਤਾ ਜਾ ਸਕਦਾ ਹੈ।

ਸ਼ਿਕਾਇਤ ਕਰਤਾ ਇਸ ਪਤੇ ਤੇ ਲਿਖ ਕੇ:

The Debt Resolution Forum
Third Floor
Nelson House
Timperley
Cheshire
WA14 5BZ

ਜਾਂ 0161 905 8372 ਤੇ ਟੈਲੀਫੋਨ ਕਰ ਕੇ ਵੀ ਸ਼ਿਕਾਇਤ ਫਾਰਮ ਦੀ ਕਾਪੀ ਹਾਸਲ ਕਰ ਸਕਦੇ ਹਨ।